**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

**ਵੱਲ**

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਵੈਬ ਸਾਇਟ ਰਾਹੀ)
ਪੰਜਾਬ।

**ਮੀਮੋ ਨੰ: ਏਐਸਪੀ.ਡੀ/ਟੀ.ਟੀ/2010/000059**
**ਮਿਤੀ, ਚੰਡੀਗੜ੍ਹ :13.12.2010**

**ਵਿਸ਼ਾ ਨਾਨ ਮੈਥ /ਅੰਗਰੇਜ਼ੀ /ਸ.ਸ ਪੜਾ ਰਹੇ ਅਤੇ ਬਾਕੀ ਰਹਿੰਦੇ ਵਿਸ਼ਾ ਮੈਥ /ਅੰਗਰੇਜ਼ੀ /ਸ.ਸ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਸਬੰਧੀ।**

**1.**0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

ਪਿਛਲੇ ਦਿਨੀਂ ਸਕੂਲਾਂ ਦੇ ਨਿਰੀਖਣ ਅਤੇ ਸਕੂਲ ਮੁੱਖੀਆਂ ਅਤੇ ਜਿਲ੍ਹਾ ਸਿੱਖਿਆ ਅਫਸਰ ਅਤੇ ਦੂਜੇ ਵਿਸ਼ਾ ਮਾਹਿਰਾਂ ਨਾਲ ਹੋਈ ਮੀਟਿੰਗ ਵਿੱਚ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਪੰਜਾਬ ਰਾਜ ਦੇ ਬਹੁਤ ਸਾਰੇ ਸਕੂਲਾਂ ਵਿੱਚ ,ਵਿਸ਼ੇਸ ਕਰਕੇ ਛੇਵੀਂ,ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਅਤੇ ਮੈਥ ਦੇ ਵਿਸ਼ੇ ਨੂੰ ਸਬੰਧਤ ਵਿਸ਼ੇ ਦੇ ਮਾਸਟਰ ਨਹੀਂ ਪੜਾ ਰਹੇ ਹਨ ।ਕਈ ਸਕੂਲਾਂ ਵਿੱਚ ਇਹਨਾਂ ਵਿਸ਼ਿਆਂ ਦੇ ਅਧਿਆਪਕਾਂ ਦੀ ਗੈਰ-ਮੌਜੂਦਗੀ ਕਰਕੇ ਦੂਜੇ ਵਿਸ਼ਿਆ ਦੇ ਅਧਿਆਪਕ ਹੀ ਇਹ ਵਿਸ਼ੇ ਪੜ੍ਹਾ ਰਹੇ ਹਨ।ਇਹਨਾਂ ਨਾਨ ਮੈਥ ਜਾਂ ਨਾਨ-ਐਸ.ਐਸ.ਅਧਿਆਪਕਾਂ ਵਲੋਂ ਇਹ ਮੰਗ ਕੀਤੀ ਜਾਂਦੀ ਰਹੀਂ ਹੈ ਕਿ ਇਹ ਵਿਸ਼ੇ ਪੜਾਉਣ ਲਈ ਉਹਨਾਂ ਨੂੰ ਵੱਖਰੇ ਤੌਰ ਤੇ ਟ੍ਰੇਨਿੰਗ ਕਰਵਾਈ ਜਾਵੇ ਕਿਉਂ ਕਿ ਉਹਨਾਂ ਦੀਆਂ ਮੁਸ਼ਕਿਲਾਂ ਆਮ ਤੌਰ ਤੇ ਵਿਸ਼ਾ ਮਾਹਿਰਾਂ ਤੋਂ ਵੱਖਰੀਆਂ ਹੁੰਦੀਆਂ ਹਨ।ਇਸ ਸਾਰੇ ਮੁੱਦੇ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਰਾਜ ਦੇ ਸਮੂਹ ਜਿਲ੍ਹਿਆ ਵਿੱਚ ਮਿਤੀ:13.12.10 ਤੋਂ 17.12.10 ਅਤੇ 20.12.10 ਤੋਂ 24.12.10 ਤੱਕ , ਦੋ ਬੈਚਾਂ ਵਿੱਚ ਨਾਨ ਮੈਥ /ਅੰਗਰੇਜ਼ੀ /ਸ.ਸ ਅਧਿਆਪਕਾਂ ਨੂੰ ਇਹਨਾਂ ਵਿਸ਼ਿਆਂ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ।ਇਸ ਦੇ ਨਾਲ ਮੁੱਖ ਦਫ਼ਤਰ ਵਲੋਂ ਕਰਵਾਈਆਂ ਵਿਸ਼ਾਵਾਰ ਟ੍ਰੇਨਿੰਗਜ਼ ਦੌਰਾਨ ਟ੍ਰੇਨਿੰਗਜ਼ ਨਾ ਪ੍ਰਾਪਤ ਕਰ ਸਕੇ ਵਿਸ਼ਾ ਅਧਿਆਪਕਾਂ ਨੂੰ ਵੀ ਕਰਵਾਈ ਜਾ ਰਹੀ ਹੈ।

**2.0** ਜਿਹੜੇ ਵਿਸ਼ਾ ਜਾਂ ਨਾਨ ਵਿਸ਼ਾ ਅਧਿਆਪਕ ਅੰਗਰੇਜ਼ੀ ਜਾਂ ਸਮਾਜਿਕ ਸਿੱਖਿਆ ਵਿਸ਼ੇ ਵਿਚੋਂ ਕੇਵਲ ਇੱਕ ਵਿਸ਼ਾ ਪੜਾ ਰਹੇ ਹਨ ਉਹਨਾਂ ਨੂੰ ਉਹਨਾਂ ਵਲੋਂ ਪੜਾਏ ਜਾ ਰਹੇ ਵਿਸ਼ੇ ਦੀ ਹੀ ਟ੍ਰੇਨਿੰਗ ਕਰਵਾਈ ਜਾਣੀ ਹੈ ।

**3.0** ਇਹ ਟ੍ਰੇਨਿੰਗ ਜਿਲ੍ਹਾ ਪੱਧਰ ਤੇ ਮੁੱਖ ਦਫ਼ਤਰ ਵਲੋਂ ਟ੍ਰੇਨਡ ਰਿਸੋਰਸ ਪਰਸਨਜ਼ ਵਲੋਂ ਕਰਵਾਈ ਜਾਣੀ ਹੈ।

**4.0** ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਦੇ ਨਾਵਾਂ ਦੀਆਂ ਸੂਚੀਆਂ ਆਪ ਨੂੰ ਅਤੇ ਸਬੰਧਤ ਪ੍ਰਿੰਸੀਪਲ GISTC /DIETs(ਮੋਗਾ,ਮਾਨਸਾ,ਮੁਕਤਸਰ,ਨਵਾਂਸ਼ਹਿਰ,ਫਤਿਹਗੜ੍ਹ ਸਾਹਿਬ) ਨੂੰ ਜਿਲ੍ਹੇ ਦੇ ਮੈਥ/ਅੰਗਰੇਜ਼ੀ ਪ੍ਰੋਜੈਕਟ ਕੋਆਰਡੀਨੇਟਰ ਵਲੋਂ ਮਿਤੀ:10.12.10 ਤੱਕ ਮੁਹੱਈਆਂ ਕਰਵਾਈਆਂ ਜਾਣਗੀਆਂ।

**5.0** ਟ੍ਰੇਨਿੰਗਜ਼ ਦਾ ਸਮਾਂ ਸਵੇਰੇ 9.00 ਵਜੇ ਤੋਂ ਦੁਪਹਿਰ 3.00 ਵਜੇ ਤੱਕ ਹੋਵੇਗਾ।

**6.0** ਮੈਥ , ਅੰਗਰੇਜ਼ੀ ਅਤੇ ਸ.ਸ ਵਿਸ਼ੇ ਦੀ ਸਮਾਂ ਸਾਰਨੀ ਪਹਿਲਾ ਕਰਵਾਈਆਂ ਜਾ ਚੁੱਕੀਆਂ ਵਿਸ਼ਾਵਾਰ ਟ੍ਰੇਨਿੰਗ ਵਾਲੀ ਹੀ ਲਾਗੂ ਕੀਤੀ ਜਾਵੇਗੀ।

**7.0** ਟ੍ਰੇਨਿੰਗ ਦੀ ਮੋਨੀਟਰਿੰਗ ਮੁੱਖ ਦਫ਼ਤਰ ਦੇ ਅਧਿਕਾਰੀਆਂ ਵਲੋਂ , ਆਪ ਵਲੋਂ ਸਬੰਧਤ ਪ੍ਰਿੰਸੀਪਲਜ਼ GISTC/DIETs ਵਲੋਂ ਕੀਤੀ ਜਾਣੀ ਹੈ।

**8.0** ਟ੍ਰੇਨਿੰਗ ਤੇ ਆਉਣ ਵਾਲਾ ਸਾਰਾ ਖਰਚਾ ਸਬੰਧਤ GISTC/DIETs ਵਲੋਂ ਐਸ.ਐਸ.ਏ. ਦੇ ਟੀਚਰ ਟ੍ਰੇਨਿੰਗ ਫੰਡ ਵਿਚੋਂ ਕੀਤਾ ਜਾਣਾ ਹੈ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2010/000060-61 ਮਿਤੀ:13.12.2010**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਰਾਜ ਦੇ ਸਮੂਹ ਮਿਡਲ/ਹਾਈ/ਸੀਨੀ.ਸੈਕੰਡਰੀ ਸਕੂਲ ਮੁੱਖੀ (Web Site ਰਾਹੀ)
2. DM (MIS) ਨੂੰ Web site ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**